Sri Guru Granth Sahib World
University Fatehgarh Sahib

# Message

ਵਿੱਦਿਆ ਉਹ ਮੂਲ ਜੁਗਤਿ ਹੈ ਜਿਸ ਰਾਹੀਂ ਅਗਿਆਨ ਦੇ ਹਨੇਰੇ ਦਾ ਖ਼ਾਤਮਾ ਹੁੰਦਾ ਹੈ ਅਤੇ ਗਿਆਨ ਦੇ ਚਾਨਣ ਦੀ ਪ੍ਰਭਾਤ ਹੁੰਦੀ ਹੈ। ਗਿਆਨ ਵਿਹੂਣਾ ਮਨੁੱਖ ਅੱਖਾਂ ਹੁੰਦਿਆਂ ਵੀ ਅੰਨ੍ਹਿਆਂ ਵਰਗਾ ਹੈ। ਸਾਡੇ ਆਤਮਿਕ, ਮਾਨਸਿਕ ਅਤੇ ਸਮਾਜਿਕ ਸਰੋਕਾਰ ਸਾਡੀ ਵਿੱਦਿਆ ਨਾਲ ਜੁੜੇ ਹੋਏ ਹਨ। ਆਦਿ ਮਨੁੱਖ ਵਾਲੇ ਜੰਗਲੀ ਜੀਵਨ ਤੋਂ ਸੱਭਿਅਕ ਸਮਾਜ ਦੀ ਸਿਰਜਣਾ ਤੱਕ ਮਨੁੱਖ ਨੇ ਜਿੰਨੀਆਂ ਪੁਲਾਂਘਾ ਪੁੱਟੀਆਂ ਹਨ, ਉਨ੍ਹਾਂ ਸਾਰੀਆਂ ਪ੍ਰਾਪਤੀਆਂ ਲਈ ਵਿੱਦਿਆ ਨੇ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਲਈ ਸੱਭਿਅਕ ਸਮਾਜ ਲਈ ਵਿੱਦਿਆ ਕਾ ਉਹੀ ਮਹੱਤਵ ਹੈ, ਜੋ ਜਿਉਂਦੇ ਜੀਵ ਦੇ ਸਰੀਰ ਲਈ ਆਤਮਾ ਦਾ ਹੈ।

ਅੱਜ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਸਰਪਰਸਤੀ ਸਦਕਾ ਸਾਡੇ ਕੋਲ ਬਰਾਬਰੀ, ਸਰਬ ਸਾਂਝੀਵਾਲਤਾ ਅਤੇ ਵੰਨ-ਸੁਵੰਨਤਾ ਆਦਿ ਮਨੁੱਖਤਾ ਨਾਲ ਸਾਂਝੀਆਂ ਕਰਨ ਯੋਗ ਵਡਮੁੱਲੀਆਂ ਸੇਧਾਂ ਮੌਜੂਦ ਹਨ। ਇਨ੍ਹਾਂ ਸੇਧਾਂ ਨੂੰ ਸੰਸਾਰ ਤੱਕ ਪਹੁੰਚਾਉਣ ਲਈ ਸੰਸਾਰ ਦੇ ਅਕਾਦਮਿਕ ਗਿਆਨ ਦੇ ਹਾਣੀ ਹੋਣਾ ਸਾਡੀ ਮੂਲ ਜਰੂਰਤ ਹੈ।

ਸੰਸਾਰ ਨੇ ਪਿਛਲੀਆਂ ਚਾਰ ਸਦੀਆਂ ਵਿਚ ਤਕਨੀਕ ਅਤੇ ਵਿਗਿਆਨ ਦੀਆਂ ਲਾਮਿਸਾਲ ਪ੍ਰਾਪਤੀਆਂ ਵੇਖੀਆਂ ਹਨ। ਪਿਛਲੇ 100 ਸਾਲਾਂ ਦੌਰਾਨ ਮਨੁੱਖ ਨੇ "ਸੰਸਾਰ ਜੰਗਾਂ" ਹੱਥੋਂ ਅਸਹਿ ਦੁੱਖ ਸਹਾਰੇ ਹਨ, ਜਿਨ੍ਹਾਂ ਨੇ ਪੂਰੀ ਮਨੁੱਖੀ ਨਸਲ ਦੀ ਜੰਗ ਤੋਂ ਤੋਬਾ ਕਰਵਾ ਦਿੱਤੀ ਹੈ। ਸਿੱਟੇ ਵਜੋਂ ਆਪਸੀ ਮਿਲਵਰਤਨ ਅਤੇ ਭਾਈਚਾਰੇ ਤੋਂ ਬਿਨਾਂ ਹੁਣ ਮਨੁੱਖ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ। ਦੂਜੇ ਪਾਸੇ ਇਹ ਨਵੇਂ ਹਾਲਾਤ ਅਤੇ ਨਵੀਂ ਪਹੁੰਚ ਵੀ ਪੂਰਨ ਦੋਸ਼ ਮੁਕਤ ਨਹੀਂ ਹੈ, ਸਗੋਂ ਇਸ ਨਾਲ ਕੁੱਝ ਅਜਿਹੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ ਜੋ ਸ਼ਾਇਦ ਪਹਿਲੀਆਂ ਸਭ ਸਮੱਸਿਆਵਾਂ ਨਾਲੋਂ ਵੱਧ ਪੇਚੀਦਾ ਹਨ। ਇਹ ਸਮੱਸਿਆ ਖੇਤਰੀ ਅਤੇ ਘੱਟ-ਗਿਣਤੀ ਕੌਮਾਂ ਦੀ ਪਛਾਣ ਦੇ ਖਾਤਮੇ ਨਾਲ ਜੁੜੀ ਹੋਈ ਹੈ। ਵਸਤਾਂ ਅਤੇ ਵਿਚਾਰਾਂ ਦੇ ਆਪਸੀ ਲੈਣ-ਦੇਣ ਨੇ ਵੱਡੀਆਂ ਅਤੇ ਸਥਾਪਤ ਕੌਮਾਂ ਦਾ ਪ੍ਰਭਾਵ ਨਾ ਸਿਰਫ ਛੋਟੀਆਂ ਕੌਮਾਂ ਉਪਰ ਪਾਉਣਾ ਸ਼ੁਰੂ ਕਰ ਦਿੱਤਾ ਹੈ, ਸਗੋਂ ਉਨ੍ਹਾਂ ਦੀ ਭਾਸ਼ਾ, ਸੱਭਿਆਚਾਰ ਅਤੇ ਵਿਸ਼ਵਾਸ ਨੂੰ ਵੱਡਾ ਖੋਰਾ ਲਾਇਆ ਹੈ। ਇਹ ਅਸਲ ਵਿਚ ਉਸ ਘੁਣ ਵਾਂਗ ਹੈ, ਜੋ ਬਿਨਾਂ ਧਾਤੂ ਦੇ ਸੰਦਾ ਤੋਂ ਚੁਪ-ਚਾਪ ਰੁੱਖ ਨੂੰ ਅੰਦਰੋ-ਅੰਦਰੀਂ ਖੋਖਲਾ ਕਰਦਾ ਜਾਂਦਾ ਹੈ। ਇਸ ਅਮਲ ਦੀ ਮਾਰ ਤੋਂ ਆਪ ਬਚਣ ਅਤੇ ਹੋਰਾ ਨੂੰ ਚੇਤਨ ਕਰਨ ਲਈ ਦੋ-ਦਿਸ਼ਾਵੀ ਪ੍ਰਤੀ-ਰੱਖਿਅਕ ਅਮਲ ਦੀ ਜ਼ਰੂਰਤ ਹੈ। ਪਹਿਲਾ ਆਪਣੇ ਵਿਸ਼ਵਾਸ ਅਤੇ ਸਿਧਾਂਤ ਸੰਬੰਧੀ ਚੇਤਨਤਾ ਤੇ ਦ੍ਰਿੜਤਾ ਅਤੇ ਦੂਜਾ ਅਜੋਕੇ ਗਿਆਨ ਪ੍ਰਬੰਧ ਵਿਚ ਆਪਣੇ ਨੋਜਵਾਨਾਂ ਨੂੰ ਮੁਹਾਰਤ ਦੇਣਾ।

ਵਿੱਦਿਆ ਦੇ ਮਹੱਤਵ ਨੂੰ ਪਛਾਣਦਿਆਂ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਸੋਸਾਇਟੀ, ਚੰਡੀਗੜ੍ਹ ਵਲੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਜਾਣ ਦਾ ਆਰੰਭਿਆ ਕਾਰਜ ਬਹੁਤ ਸ਼ਲਾਘਾਯੋਗ ਉਪਰਾਲਾ ਹੈ। ਪਿਛਲੇ ਕੁੱਝ ਵਰ੍ਹਿਆਂ ਵਿਚ ਹੀ ਇਸ ਸੰਸਥਾ ਵੱਲੋਂ ਵਿੱਦਿਆਰਥੀਆਂ ਨੂੰ ਵਜੀਫ਼ੇ ਦੇ ਰੂਪ ਵਿਚ ਦਿੱਤੀ ਗਈ ਵੱਡੀ ਰਕਮ ਤੋਂ ਇਸ ਸੰਸਥਾ ਦੀ ਸਰਗਰਮੀ ਅਤੇ ਦ੍ਰਿੜ੍ਹਤਾ ਦਾ ਪਤਾ ਲੱਗਦਾ ਹੈ। ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਇਨ੍ਹਾਂ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਜਿੰਨੀ ਵੀ ਸ਼ਲਾਘਾ ਕੀਤੇ ਜਾਵੇ ਉਹ ਘੱਟ ਹੈ।

ਅਕਾਲ ਪੁਰਖ ਜੀ ਦੀ ਕਿਰਪਾ ਸਦਕਾ ਪਿਛਲੀ ਸਦੀ ਦੌਰਾਨ ਸਿੱਖ ਪੰਥ ਨੇ ਵਿੱਦਿਆ ਦੇ ਖੇਤਰ ਵਿਚ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਅਦਾਰਿਆਂ ਦੀ ਸਥਾਪਨਾ ਰਾਹੀਂ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਹਨ। ਇਸ ਖੇਤਰ ਵਿੱਚ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਸੋਸਾਇਟੀ, ਚੰਡੀਗੜ੍ਹ ਨੇ ਇੱਕ ਨਵਾਂ ਅਧਿਆਇ ਜੋੜ ਕੇ ਸਿੱਖ ਪੰਥ ਦਾ ਮਾਣ ਵਧਾਇਆ ਹੈ। ਮੈਂ ਆਪਣੇ ਵੱਲੋਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਸੋਸਾਇਟੀ, ਚੰਡੀਗੜ੍ਹ ਦੇ 30ਵੇਂ ਵਰ੍ਹੇ ਦੇ ਸੋਵੀਨਾਰ ਪ੍ਰਕਾਸ਼ਨ ਮੌਕੇ ਦਿਲੀ ਸੁਭ ਇੱਛਾਵਾਂ ਦਿੰਦਾ ਹੋਇਆ ਇਸ ਸੰਸਥਾ ਦੇ ਸ਼ੁਭ ਮਨੋਰਥਾਂ ਦੀ ਸਫ਼ਲਤਾ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ।

ਡਾ ਗੁਰਮੋਹਨ ਸਿੰਘ ਵਾਲੀਆ

ਵਾਈਸ-ਚਾਂਸਲਰ